# ਦਫਤਰ ਜੁਆਇੰਟ ਸਬ-ਰਜਿਸਟਰਾਰ, ਜੀਰਕਪੁਰ।

ਬੈ ਨਾਮਾ ਪੋਰਸ਼ਨ ਪ੍ਰਾਪਰਟੀ ਆਫ ਸੁਸ਼ਮਾ ____________________ ____________, ਐਮ.ਸੀ., ਜੀਰਕਪੁਰ।

ਜਰ ਬੈ __________/-ਰੁਪੈ

ਅਸਟਾਮ (ਅਸਟਾਮ __%ਨਾਲ __________/-ਰੁਪੈ ਅਤੇ (ਐਸ.ਐਸ.ਐਫ. 3% ਨਾਲ ________/-ਰੁਪੈ ਵਾ (ਐਸ.ਆਈ.ਐਸ. 1% ਨਾਲ ________/-ਰੁਪੈ)

ਕਿਤੇ __________/-

(ਅਪਾਰਟਮੈਂਟ/ਯੂਨਿਟ ਨੰਬਰ:-_____, __________ ਫਲੋਰ, ਟਾਵਰ _____, _______________ , ___________, ਐਮ.ਸੀ. ਜੀਰਕਪੁਰ, ਤਹਿਸੀਲ ਡੇਰਾਬੱਸੀ)

(Apartment/Unit No. _____, _______ Floor, Tower-__, _____________, _____________, M.C. Zirakpur, Tehsil Derabassi)

ਰੁਬਰੂ ×/-ਰੁਪਏ

(ਸੁਪਰ ਏਰੀਆ =_____ਵਰਗ ਫੁਟ)
(ਕਾਰਪੇਟ ਏਰੀਆ=_____ਵਰਗ ਫੁਟ)
(ਜਮੀਨ ਦਾ ਏਰੀਆ= ______ਵ:ਗਜ)
(ਐਮ.ਸੀ. ਜੀਰਕਪੁਰ)

ਪਹਿਲਾਂ __________/-ਰੁਪੈ

(ਸ਼ਬਦ ਲਗਭਗ ________)

ਜਿਸਦਾ ਵੇਰਵਾ ਹੇਠ ਅਨੁਸਾਰ ਹੈ :-

| S.No. | Cheque/ Draft/ Ref. No. | Cheque/ Draft/ Ref. Date | Drawn On | Receipt Amount |
|---|---|---|---|---|
| 1 | | | | |
| 2 | | | | |
| 3 | | | | |
| | | | Total | |

ਅਸਟਾਮਾ ਦਾ ਵੇਰਵਾ :- ਮੁ:-___________/-ਰੂਪੈ ਦਾ ਈ ਸਟੈਂਪ ਸਰਟੀਫਿਕੇਟ ਨੰਬਰ _____________________, ਮਿਤੀ ___________, ______________ ਬੈਂਕ, ________।

ਬਾਇਆ : _____________________________________________, ਚੰਡੀਗੜ ਰਾਹੀ ____________________________________________________________ ________________________________ ਖੇਵਟਦਾਰ __________, ਸਬ ਤਹਿਸੀਲ ਜੀਰਕਪੁਰ, ਤਹਿਸੀਲ ਡੇਰਾਬੱਸੀ, ਜਿਲਾ ਐਸ. ਏ. ਐਸ. ਨਗਰ, ਮੋਹਾਲੀ (ਪੰਜਾਬ)

ਖਰੀਦਾਰਾਂਨ : ____________________________________________________________
________________________________________________________________________
________________________________________________________________________
_____________________________________________

ਜੋ ਕਿ ਉਕਤ ਦਰਜ ਬਾਇਆ ਕੰਪਨੀ ਨੇ ਖਸਰਾ ਨੰਬਰਾਂਨ _________________________ _________________________________________________ ਵਾਕਿਆ ਗਾਜੀਪੁਰ, ਸਬ ਤਹਿਸੀਲ ਜੀਰਕਪੁਰ, ਤਹਿਸੀਲ ਡੇਰਾਬੱਸੀ, ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ, ਮੋਹਾਲੀ (ਪੰਜਾਬ), ਹਦਬਸਤ ਨੰ:- '' ਵਿੱਚ ਜਮੀਨ ਖਰੀਦ ਕੀਤੀ ਹੋਈ ਹੈ, ਜਿਸਦੀ ਬਾਬਤ ਇੰਤਕਾਲ ਮਾਲ ਰਿਕਾਰਡ ਵਿੱਚ ਮੰਜੂਰਸ਼ੁਦਾ ਹੈ।

ਬਾਇਆ ਕੰਪਨੀ ਨੇ ਆਪਣੀ ਮਲਕੀਤੀ ਅਤੇ ਕਬਜੇ ਵਾਲੀ ਇਸ ਜਮੀਨ ਵਿੱਚ ਪੰਜਾਬ ਸਰਕਾਰ ਦੀ ਅਪਰੂਵਲ ਬਾਅਦ ''______________'' ਨਾਮ ਤੇ ਇੱਕ ਗਰੁਪ ਹਾਉਸਿੰਗ ਮਲਟੀ ਸਟੋਰੀ ਪ੍ਰਜੈਕਟ ਤਾਮੀਰ ਕੀਤਾ ਹੈ।

ਇਹ ਪ੍ਰੋਜੈਕਟ ਪੰਜਾਬ ਸਰਕਾਰ ਦੇ ਪੱਤਰ ਨੰਬਰ ___________, ਮਿਤੀ _________ ਵਾ ਦਫਤਰ ਨਗਰ ਪੰਚਾਇਤ, ਜੀਰਕਪੁਰ ਦੇ ਪੱਤਰ ਨੰਬਰः-_______, ਮਿਤੀ _________ ਰਾਹੀ ਮੰਜੂਰਸ਼ੁਦਾ ਹੈ ਅਤੇ ਮੁਤਾਬਕ ਅਪਰੂਵਲ ਇਸ ਪ੍ਰੋਜੈਕਟ ਦੇ ਕੁਲ _____ ਟਾਵਰਾਂ ਤੋਂ ਇਲਾਵਾ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਈ.ਡਬਲਿਉ.ਐਸ. ਦਾ ਇੱਕ ਟਾਵਰ ਸ਼ਾਮਲ ਹੈ।

ਇਹ ਪ੍ਰੋਜੈਕਟ ਦੇ ਸਾਰੇ ਅਪਾਰਟਮੈਂਟ ''ਦਾ ਪੰਜਾਬ ਅਪਾਰਟਮੈਂਟ ਆਨਰਸ਼ਿਪ ਐਕਟ 1995-96'' ਦੇ ਅਧੀਨ ਆਉਂਦੇ ਹੈ। ਉਪਰੋਕਤ ਪ੍ਰੋਜੈਕਟ ਦਾ ਬੈ ਕੀਤਾ ਜਾ ਰਿਹਾ ਅਪਾਰਟਮੈਂਟ ਇਸ ਵੇਲੇ ਹਰ ਕਿਸਮ ਦੇ ਭਾਰ ਤੋਂ ਬਰੀ ਅਤੇ ਪਾਕ ਹੈ।

ਇਹ ਕਿ ਉਕਤ ਦਰਜ ਕੰਪਨੀ ਵੱਲੋਂ ਬਰੂਏ ਰੈਜੁਲੇਸ਼ਨ/ਅਥਾਰਿਟੀ ਲੈਟਰ ਮੈਨੂੰ ਉਕਤ ਕੰਪਨੀ ਦੀ ਮਾਲਕੀ ਵਾਲੇ ਫਲੈਟ/ਅਪਾਰਟਮੈਂਟ ਦੀ ਬਾਬਤ ਬੈਨਾਮਾ ਤਸਦੀਕ ਕਰਾਉਣ ਦਾ ਹੱਕ ਹਾਸਲ ਹੈ।

ਹੁਣ ਮੈਨੇ ਬਰੂਏ ਰੈਜੁਲੇਸ਼ਨ ਉਕਤ ਦਰਜ ਬਾਇਆ ਕੰਪਨੀ ਵੱਲੋਂ ਤਿਆਰ ਕੀਤੇ ਹੋਏ ਹਾਉਸਿੰਗ ਪ੍ਰੋਜੈਕਟ ਦਾ ਇੱਕ ਯੁਨਿਟ/ਅਪਾਰਟਮੈਂਟ ਨੰਬਰः-_____, ________ ਫਲੋਰ, ਟਾਵਰ _____, ______________ (ਪ੍ਰੋਜੈਕਟ ਦਾ ਨਾਮ), , ਐਮ.ਸੀ. ਜੀਰਕਪੁਰ, ਤਹਿਸੀਲ ਡੇਰਾਬੱਸੀ ਸਣੇ ਬਿਨਾ ਤਕਸੀਮ ਕੀਤੇ ਯੋਗ ਮਾਲਕਾਨਾ ਹੱਕ ਖਾਤਾ ਨੰः-____________, ਖਸਰਾ ਨੰਬਰਾਂਨ ____________________________ ____________ ਦਾ ___/_____ਹਿੱਸਾ ਬਕੱਦਰ _______________________, ਜਿਸਦਾ ਸੁਪਰ ਏਰੀਆ _______ ਅਤੇ ਕਾਰਪੇਟ ਏਰੀਆ _______ ਵਰਗ ਫੁਟ ਹੈ, ਬਿਨਾਂ ਉਪਰ ਵਾਲੀ ਛੱਤ/ਟੈਰੇਸ ਅਤੇ ਨੀਚੇ ਵਾਲਾ ਫਰਸ਼, ਜੋ ਬਿਨਾਂ ਕਿਸੇ ਸਾਂਝ ਦੇ ਹੈ, ਵਾਕਿਆ ਮੌਜਾ ਗਾਜੀਪੁਰ, ਸਬ ਤਹਿਸੀਲ ਜੀਰਕਪੁਰ, ਤਹਿਸੀਲ ਡੇਰਾਬੱਸੀ, ਨਗਰ ਪਾਲਿਕਾ, ਜੀਰਕਪੁਰ, ਜਿਲਾ ਐਸ.ਏ.ਐਸ. ਨਗਰ, ਮੋਹਾਲੀ। ਆਪਣੀ ਪੂਰੀ ਸੁਧ ਬੁਧ ਨਾਲ, ਬਿਨਾਂ ਕਿਸੇ ਜਬਰ ਵਾ ਦਬਾਅ ਦੇ ਇਹ ਅੰਦਰੂਨੀ ਅਪਾਰਟਮੈਂਟ ਸਣੇ ਅੰਦਰੂਨ ਛੱਤ ਅਤੇ ਅੰਦਰੂਨ ਫਰਸ਼, ਸਣੇ ਸਾਰੇ ਹੱਕ ਹਕੂਕ ਸਬੰਧਤ ਬਦਲੇ ਮੁः-__________/- (______________________ਰੁਪਏ) ਪਾਸ :- _____________________________ __________________________________________________________________ ____________________________________ (ਇਹਨਾਂ ਨੂੰ ਇਸ ਵਸੀਕਾ ਵਿੱਚ ''ਖਰੀਦਾਰਾਂਨ'' ਕਿਹਾ ਗਿਆ ਹੈ), ਕੋਲ ਬੈ ਕਤਈ ਵਾ ਫਰੋਖਤ ਕਰਕੇ ਇਕਰਾਰੀ ਹੂੰ ਕਿ ਕੁੱਲ ਮੁः-__________/- (______________________ਰੁਪਏ) ਬਾਇਆ ਕੰਪਨੀ ਦੇ ਹੱਕ ਵਿੱਚ ''ਉਕਤ ਹੈਡਿੰਗ ਵਿੱਚ ਦਰਜ ਵੇਰਵੇ ਅਨੁਸਾਰ'' ਪਹਿਲਾਂ ਹੀ, ਖਰੀਦਾਰਾਂਨ ਤੋਂ ਵਸੂਲ ਕੀਤੇ ਜਾ ਚੁੱਕੇ ਹਨ ਅਤੇ ਹੁਣ ਮੈਨੇ ਰੁਬਰੂ ਸ੍ਰੀਮਾਨ ਜੁਆਇੰਟ ਸਬ-ਰਜਿਸਟਰਾਰ, ਜੀਰਕਪੁਰ ਕੁਝ ਨਹੀਂ ਲੈਣਾ। ਵਾਕਈ ਕਬਜਾ ਫਲੈਟ ਦਾ ਖਰੀਦਾਰਾਂਨ ਨੂੰ ਦੇ ਦਿੱਤਾ ਹੈ, ਜਿਸਦੀ ਬਾਬਤ ਅਲਗ ਤੌਰ ਤੇ ਪੋਜੈਸ਼ਨ ਸਰਟੀਫਿਕੇਟ ਵੀ ਜਾਰੀ ਕੀਤਾ ਗਿਆ ਹੈ। ਹੁਣ ਤੋਂ ਬਾਅਦ ਖਰੀਦਾਰਾਂਨ ਫਲੈਟ ਦੇ ਮਾਲਕ ਹਨ ਅਤੇ ਖਰੀਦਾਰਾਂਨ ਨੂੰ ਅਪਾਰਟਮੈਂਟ ਉਕਤ ਵਿੱਚ ਆਣ-ਜਾਣ ਲਈ ਕੰਪਲੈਕਸ ਦੀਆਂ ਸਾਰੀਆਂ ਪੌੜੀਆਂ ਅਤੇ ਲਿਫਟ (ਜੋ ਕਿ ਉਕਤ ਟਾਵਰ ਦੀਆਂ ਸਾਂਝੀਆਂ ਹਨ) ਸਾਂਝੇ ਤੌਰ ਤੇ ਵਰਤਣ ਦਾ ਹੱਕ ਹੋਵੇਗਾ। ਖਰੀਦਾਰਾਂਨ '' '' ਦੀ ਖੁਲੀ ਥਾਂ/ਸਟਿਲਟ ਪਾਰਕਿੰਗ ਥਾਂ ਵਿੱਚ (ਰਸਤੇ ਵਿੱਚ ਰੁਕਾਵਟ ਪਾਏ ਬਿਨ੍ਹਾਂ, ਅਲਾਟ ਕੀਤੀ

ਜਗਾਂ ਤੇ), ਪਾਰਕਿੰਗ ਕਰਨ ਲਈ ਪਾਬੰਦ ਹੋਣਗੇ। ਪਾਰਕਿੰਗ ਲਈ ਜਿਹੜੀ ਥਾਂ ਖਰੀਦਾਰਾਂਨ ਨੂੰ ਅਲਾਟ ਕੀਤੀ ਗਈ ਹੈ, ਉਸ ਨਾਲ ਉਹ ਪੂਰੀ ਤਰ੍ਹਾਂ ਸੰਤੁਸ਼ਟ ਹਨ। ਖਰੀਦਾਰਾਂਨ ਅਪਾਰਟਮੈਂਟ ਉਕਤ ਨੂੰ ਰਿਹਾਇਸ਼ੀ ਵਰਤੋਂ ਲਈ ਹੀ ਇਸਤੇਮਾਲ ਕਰ ਸਕਣਗੇ ਅਤੇ ਇਸ ਵਿੱਚ ਕੋਈ ਕਮਰਸ਼ਿਅਲ/ਵਪਾਰਿਕ ਕੰਮ ਨਹੀਂ ਕਰਣਗੇ।

ਖਰੀਦਾਰਾਂਨ ਨੂੰ ਅਪਾਰਟਮੈਂਟ ਦੇ ਅੰਦਰੂਨ ਫਰਸ਼ ਤੋਂ ਲੈ ਕੇ ਅੰਦਰੂਨੀ ਛੱਤ ਤੱਕ ਦੇ ਹਕੂਕ ਤੋਂ ਇਲਾਵਾ ਹੋਰ ਕਿਸੇ ਥਾਂ ਬਾਰੇ ਕੋਈ ਹੱਕ ਨਹੀਂ ਹੋਣਗੇ। ਖਰੀਦਾਰਾਂਨ ਅਪਾਰਟਮੈਂਟ ਉਕਤ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਰੱਦੋ-ਬਦਲ ਨਹੀਂ ਕਰ ਸਕਣਗੇ। ਖਰੀਦਾਰਾਂਨ ਅਪਾਰਟਮੈਂਟ ਦੀ ਬਾਬਤ ਕੀਤੇ ਗਏ ਅਪਾਰਟਮੈਂਟ ਬਾਯਰ ਐਗਰੀਮੈਂਟ ਅਤੇ ਪੰਜਾਬ ਅਪਾਰਟਮੈਟ ਐਂਡ ਪ੍ਰਾਪਰਟੀ ਰੈਗੁਲੇਸ਼ਨ ਐਕਟ-1995-1996, ਦੇ ਅਧੀਨ ਸਾਰੇ ਰੂਲ ਅਤੇ ਰੈਗੁਲੇਸ਼ਨਾ ਅਤੇ ਕਾਨੂੰਨਾ ਦੀ ਪਾਲਣਾ ਦੇ ਪਾਬੰਦ ਹੋਣਗੇ।

''____________'' ਕੰਪਲੈਕਸ ਦੇ ਸਾਰੇ ਸਾਂਝੇ ਰਸਤੇ, ਪਲੇਟ ਫਾਰਮ, ਪਾਰਕ ਆਦਿਕ ਨੂੰ ਸਾਂਝੇ ਤੌਰ ਤੇ ਇਸਤੇਮਾਲ ਕਰਨ ਲਈ ਦਿੱਤੇ ਗਏ ਹਨ। ਖਰੀਦਾਰਾਂਨ ਇਹਨਾਂ ਸਾਂਝੇ ਰਸਤਿਆਂ ਵਿੱਚ ਜਾਂ ਕੌਰੀਡੋਰ, ਵਰਾਂਡੇ, ਪਲੇਟ ਫਾਰਮ, ਜੋ ਬਾਇਆ ਕੰਪਨੀ ਦੇ ਹਨ ਵਿੱਚ ਕੋਈ ਸਮਾਨ ਨਹੀਂ ਰੱਖਣਗੇ ਜਾਂ ਉਹ (ਖਰੀਦਾਰਾਂਨ) ਰਸਤੇ ਵਿੱਚ ਕੋਈ ਰੱਦੋ-ਬਦਲ ਜਾਂ ਕਿਸੇ ਵੀ ਕਿਸਮ ਦੀ ਕੋਈ ਰੁਕਾਵਟ ਨਹੀਂ ਪਾਉਣਗੇ।

ਖਰੀਦਾਰਾਂਨ ਕੰਪਲੈਕਸ ਅੰਦਰ ਕੋਈ ਅਜਿਹਾ ਗੈਰ-ਕਾਨੂੰਨੀ ਕੰਮ ਨਹੀਂ ਕਰਣਗੇ, ਜਿਸ ਨਾਲ ਕੰਪਲੈਕਸ ਨੂੰ ਜਾਂ ਗੁਆਂਢੀਆਂ ਨੂੰ ਕੋਈ ਨੁਕਸਾਨ ਪੁੱਜਦਾ ਹੋਵੇ। ਖਰੀਦਾਰਾਂਨ ਨੇ ਉਕਤ ਦਰਜ ਅਪਾਰਟਮੈਂਟ ਖਰੀਦਣ ਤੋਂ ਪਹਿਲਾਂ ਬਾਇਆ ਤੋਂ ਅਤੇ ਮੌਕੇ ਤੇ ਜਾਕੇ ਹਰ ਤਰ੍ਹਾਂ ਦੀ ਤਸੱਲੀ ਕਰ ਲਿੱਤੀ ਹੈ, ਜਿਸ ਨਾਲ ਉਹ ਪੂਰੀ ਤਰ੍ਹਾਂ ਸੰਤੁਸ਼ਟ ਹਨ।

ਹੁਣ ਉਕਤ ਦਰਜ ਬਾਇਆ ਕੰਪਨੀ ਦਾ ਬੈਸ਼ੁਦਾ ਅਪਾਰਟਮੈਂਟ ਨਾਲ ਕੋਈ ਤਾਲੁਕ ਵਾਸਤਾ ਨਹੀਂ ਰਿਹਾ ਹੈ। ਖਰੀਦਾਰਾਂਨ ਨੂੰ ਉਕਤ ਦਰਜ ਅਪਾਰਟਮੈਂਟ, ਨਗਰ ਪਾਲਿਕਾ ਜੀਰਕਪੁਰ ਦੇ ਰਿਕਾਰਡ ਵਿਚ ਆਪਣੇ ਨਾਮ ਤੇ ਕਰਵਾਉਣ ਦਾ ਹੱਕ ਆਪਣੇ ਖਰਚੇ ਤੇ ਹੋਵੇਗਾ।

ਉਕਤ ਦਰਜ ਅਪਾਰਟਮੈਂਟ ਸਬੰਧੀ ਕੋਈ ਵਰੋਸ਼ਰ ਜਾਂ ਕਿਸੇ ਅਖਬਾਰ ਦੇ ਵਿੱਚ ਕੋਈ ਇਸ਼ਤਿਹਾਰ, ਜੋ ਕਿ ਉਕਤ ਪ੍ਰੋਜੈਕਟ ਸਬੰਧੀ, ਇਸ ਰਜਿਸਟਰੀ ਤੋਂ ਪਹਿਲਾ ਜਾਂ ਬਾਅਦ ਛੱਪਿਆ ਹੈ, ਉਹ ਹੁਣ ਖਾਰਜ ਮੰਨਿਆ ਜਾਂਦਾ ਹੈ ਅਤੇ ਇਸ ਰਜਿਸਟਰੀ ਦੇ ਤਸਦੀਕ ਹੋਣ ਤੋਂ ਬਾਅਦ ਇਹ ਰਜਿਸਟਰੀ ਬੈਨਾਮਾ ਹੀ ਸਹੀ ਮੰਨਿਆ ਜਾਵੇਗਾ ਅਤੇ ਕੋਈ ਵੀ ਸ਼ਰਤ ਇਸ ਰਾਹੀ ਬਕਾਇਆ ਨਹੀਂ ਰਹਿੰਦੀ ਹੈ।

ਖਰੀਦਾਰਾਂਨ ਨੇ ਇਹ ਰਜਿਸਟਰੀ ਤਸਦੀਕ ਹੋਣ ਦੀ ਤਾਰੀਖ ਤੋਂ ਪਹਿਲਾਂ ਇਸ ਪ੍ਰੋਜੈਕਟ ਦੀ ਜਮੀਨ ਬਾਬਤ, ਤਾਮੀਰ ਦੇ ਕੰਮ ਸਬੰਧੀ, ਫਿਨਿਸ਼ਿੰਗ ਬਾਰੇ, ਸਾਈਜ ਬਾਰੇ, ਢਾਂਚੇ ਦੀ ਬਣਤਰ ਬਾਰੇ ਅਤੇ ਬਾਕੀ ਸਰਵੀਸੀਜ ਜਿਵੇਂ ਕਿ ਸਟਰੀਟ ਲਾਈਟ, ਪਾਣੀ, ਸੀਵਰੇਜ, ਕਲੱਬ, ਪਾਰਕ, ਪਾਰਕਿੰਗ, ਸਿਕਓਰਿਟੀ, ਗਰੀਨ ਏਰੀਆ, ਸਟੋਰਮ ਵ ਰੇਨਵਾਟਰ ਸਿਸਟਮ ਸਬੰਧੀ ਖਰੀਦਦਾਰ ਨੇ ਆਪਣੀ ਤਸੱਲੀ ਕਰ ਲਿੱਤੀ ਹੈ ਅਤੇ ਉਹ ਇਸ ਨਾਲ ਸੰਤੁਸ਼ਟ ਹਨ। ਉਕਤ ਬਲਾਕ ਦੇ ਟਾਪ ਫਲੌਰ ਦੀ ਛੱਤ ਦੀ ਮਾਲਕੀ ਬਾਇਆ ਕੰਪਨੀ ਦੀ ਹੀ ਰਹੇਗੀ ਅਤੇ ਕਿਸੇ ਵੀ ਅਪਾਰਟਮੈਂਟ ਦੇ ਮਾਲਕ/ਕਿਰਾਏਦਾਰ ਨੂੰ ਟਾਪ ਫਲੌਰ ਦੀ ਛੱਤ ਨੂੰ ਵਰਤਣ ਦਾ ਹੱਕ ਨਹੀਂ ਹੋਵੇਗਾ।

ਅੱਜ ਤੋਂ ਬਾਅਦ ਇਸ ਅਪਾਰਟਮੈਂਟ/ ਕੰਪਲੈਕਸ ਦੀ ਜਮੀਨ ਬਾਬਤ, ਤਾਮੀਰ ਦੇ ਕੰਮ ਸਬੰਧੀ, ਫਿਨਿਸ਼ਿੰਗ ਬਾਰੇ, ਸਾਈਜ ਬਾਰੇ, ਢਾਂਚੇ ਦੀ ਬਣਤਰ ਬਾਰੇ ਅਤੇ ਬਾਕੀ ਸਰਵੀਸੀਜ਼ ਜਿਵੇਂ ਕਿ ਸਟਰੀਟ ਲਾਈਟ, ਪਾਣੀ, ਸੀਵਰੇਜ, ਬਿਜਲੀ, ਟੈਲੀਫੋਨ, ਸਿਕਓਰਿਟੀ, ਕਲੱਬ,

ਪਾਰਕ ਅਤੇ ਪਾਰਕਿੰਗ, ਆਦਿ ਸਬੰਧੀ ਸਾਰੀ ਜਿੰਮੇਵਾਰੀ ਖਰੀਦਾਰਾਂਨ ਦੀ ਹੋਵੇਗੀ ਅਤੇ ਉਹ ਖੁਦ ਜਾਂ ਆਪਣੇ ਦੁਆਰਾ ਨਿਯੁਕਤ ਕੀਤੇ ਕਿਸੇ ਵਿਅਕਤੀ ਆਦਿ ਦੁਆਰਾ ਕਿਸੇ ਵੀ ਕੰਜਿਉਮਰ ਕੋਰਟ ਜਾਂ ਕੋਰਟ ਆਫ ਲਾਅ ਯਾਨੀ ਅਦਾਲਤ ਵਿਚ ਕਿਸੇ ਵੀ ਤਰ੍ਹਾਂ ਦੀ ਗੈਰ ਕਾਨੂੰਨੀ ਡੀਮਾਂਡ ਜਾਂ ਕਲੇਮ ਆਦਿਕ ਬਾਇਆ ਕੰਪਨੀ ਦੇ ਖਿਲਾਫ ਨਹੀਂ ਕਰ ਸਕਣਗੇ। ਅੱਜ ਤੋਂ ਬਾਅਦ ਬਾਇਆ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ, ਉਹ (ਬਾਇਆ) ਹਰ ਇੱਕ ਤਰ੍ਹਾਂ ਦੀ ਜਿੰਮੇਵਾਰੀ ਤੋਂ ਮੁਕਤ ਹੋਵੇਗਾ।

_____________ ਦੇ ਲੇਆਉਟ ਪਲਾਨ ਵਿਚ ਅਪਾਰਟਮੈਂਟਸ/ਫਲੈਟਸ ਦੀ ਲੋਕੇਸ਼ਨ, ਬਿਜਲੀ ਦੇ ਪੋਲ, ਟਰਾਂਸਫਾਰਮਰ, ਬਿਜਲੀ ਦੀ ਤਾਰਾਂ ਦਾ ਲੇਆਉਟ, ਸੜਕਾ, ਪਾਰਕ, ਸਟਿੱਲਟ/ਓਪਨ/ਕਵਰਡ ਪਾਰਕਿੰਗ ਅਤੇ ਪਾਣੀ ਦੀ ਟੈਂਕੀਆਂ, ਪਾਣੀ ਦਾ ਅੰਡਰਗਰਾਉਂਡ ਟੈਕ, ਗਰੀਨ ਏਰੀਆ, ਰੇਨ ਵਾਟਰ ਹਾਰਵੈਸਟਿੰਗ ਸਿਸਟਮ, ਫਾਇਰ ਫਾਇਟਿੰਗ ਸਿਸਟਮ, ਸੀਵਰੇਜ ਅਤੇ ਟਿਉਬਵੈਲ ਵਗੈਰਾ ਦੇ ਨਾਲ ਖਰੀਦਾਰਾਂਨ ਪੂਰੀ ਤਰ੍ਹਾਂ ਸਹਿਮਤ ਹਨ। ਅੰਦਰ ਜਾਣ ਵਾਲੀਆਂ ਸੜਕਾਂ ਦਾ ਹੱਕ ਬਾਇਆ ਕੰਪਨੀ ਜਾਂ ਉਸ ਵੱਲੋਂ ਓਥੋਰਾਇਜਡ ਸਿਗਨੇਟਰੀ ਕੋਲ ਰਹੇਗਾ, ਜੋ ਕਿ ਅੱਗੇ ਸੜਕਾ ਦਾ ਇਸਤੇਮਾਲ ਕਰਨ ਦਾ ਹੱਕ ਦੇ ਸਕਦਾ ਹੈ, ਜਿਸ ਬਾਰੇ ਖਰੀਦਾਰਾਂਨ ਨੂੰ ਕੋਈ ਇਤਰਾਜ ਨਹੀਂ ਹੋਵੇਗਾ। ਬਾਇਆ ਕੰਪਨੀ ਕਿਸੇ ਕਿਮਸ ਦੀ ਐਕਸਟੈਂਸ਼ਨ ਕਰਨ ਤੇ ਜਾਂ ਆਪਣੇ ਜਾਂ ਹੋਰ ਕਿਸੇ ਦੇ ਪ੍ਰੋਜੈਕਟ ਨੂੰ ਇਸ ਪ੍ਰੋਜੈਕਟ ਦੇ ਰਸਤੇ ਨੂੰ ਸਾਂਝਾ ਕਰਕੇ ਇਸਤੇਮਾਲ ਕਰਨ ਦਾ ਹੱਕ ਦੇ ਸਕਦੀ ਹੈ, ਜਿਸਦੇ ਬਾਰੇ ਖਰੀਦਾਰਾਨ ਦਾ ਕੋਈ ਇਤਰਾਜ ਨਹੀਂ ਹੋਵੇਗਾ।

ਖਰੀਦਾਰਾਂਨ ਫਲੈਟ ਦੇ ਫਰੰਟ ਅਤੇ ਬੈਕ ਐਲੀਵੇਸ਼ਨ ਅਤੇ ਰੰਗ ਰੋਗਨ ਵਿੱਚ ਕਿਸੇ ਕਿਸਮ ਦੀ ਕੋਈ ਤਬਦੀਲੀ ਨਹੀਂ ਕਰ ਸਕਣਗੇ।

ਇਹ ਕਿ ਬਿਲਡਿੰਗ/ਕੰਪਲੈਕਸ ਵਿਚ ਸਾਂਝੇ ਰਕਬਿਆਂ ਵਿਚ ਅੱਗ ਬੁਝਾਓ ਇੰਤਜਾਮ ਕੀਤੇ ਗਏ ਹਨ ਜਿੱਥੇ ਵੀ ਜਰੂਰਤ ਹੈ। ਜਿਹੜੇ ਮੌਜੂਦਾ ਅੱਗ ਬੁਝਾਓ ਕੋਡ/ਉਪ ਨਿਯਮਾਂ ਅਨੁਸਾਰ ਹਨ ਜੇਕਰ ਫਿਰ ਵੀ ਕਿਸੇ ਭਵਿੱਖਤ ਮੁਕੱਦਮੇ ਬਾਜੀ, ਸਰਕਾਰੀ ਉਪ ਨਿਯਮ, ਹੁਕਮ ਜਾ ਨਿਰਦੇਸ਼ ਵਗੈਰਾ ਰਾਹੀ ਬਾਇਆ ਨੂੰ ਕਿਸੇ ਹੋਰ ਅੱਗ ਸੁਰੱਖਿਆ ਦੀ ਇੰਤਜਾਮ ਕਰਨ ਦੀ ਜਰੂਰਤ ਪਈ ਤਾ ਇਸ ਬਾਰੇ ਵਧੀਕ ਖਰਚਾ ਖਰੀਦਾਰਾਂਨ ਤੋ ਮੰਗ ਕਰਨ ਤੇ ਬਾਇਆ ਲਵੇਗਾ ਜਿਹੜਾ ਕਿ ਇਸ ਯੂਨਿਟ ਦੇ ਰਕਬੇ ਦੇ ਮੁਤਾਬਿਕ ਅਨੁਪਾਤ ਵਿਚ ਹੋਵੇਗਾ।

ਇਹ ਕਿ ਖਰੀਦਾਰਾਂਨ ਜਾਇਦਾਦ ਕਰ ਅਤੇ ਸਾਰੇ ਰੇਟ, ਟੈਕਸ, ਚਾਰਜ, ਅਸੈਸਮੈਂਟਾ, ਲੈਵੀਆਂ ਅਤੇ ਉਪਕਰ ਦੇਣ ਦਾ ਜਿਮੇਵਾਰ ਹੋਵੇਗਾ ਚਾਹੇ ਇਹ ਮਿਉਸਪਲ ਜਾ ਹੋਰ ਕਿਸੇ ਅਦਾਰੇ ਵੱਲੋਂ ਲੱਗੇ ਹੋਣ ਜਾ ਭਵਿੱਖ ਵਿਚ ਇਸ ਯੂਨਿਟ/ਅਪਾਰਟਮੈਂਟ ਬਾਰੇ ਲੱਗਣਗੇ, ਚਾਹੇ ਖਰੀਦਾਰਾਂਨ ਇਸ ਯੂਨਿਟ ਦੇ ਲਾਭਾਂ ਦਾ ਅਨੰਦ ਮੰਨਦਾ ਹੈ ਜਾ ਨਹੀ, ਕਿਉਕਿ ਇਹ ਯੂਨਿਟ ਇੱਕਲਾ ਜਾਇਦਾਦ ਕਰ ਜਾ ਕਿਸੇ ਹੋਰ ਖਰਚੇ ਸਮੇਤ ਉਪਕਰ ਲਈ ਗਿਣਿਆ ਜਾਣਾ ਹੈ। ਇਸ ਲਈ ਖਰੀਦਾਰਾਂਨ, ਬਾਇਆ ਨੂੰ ਮੰਗ ਕਰਨ ਤੇ ਅਜਿਹੇ ਟੈਕਸ, ਚਾਰਜ, ਉਪਕਰ ਵਗੈਰਾ ਅਦਾ ਕਰੇਗਾ ਚਾਹੇ ਇਹਨਾ ਨੂੰ ਭਵਿੱਖ ਵਿਚ ਇਸ ਸਕੀਮ ਹੇਠ ਇਸ ਯੂਨਿਟ ਦੇ ਅਨੁਪਾਤਕ ਰਕਬੇ ਬਨਾਮ ਜਮੀਨ/ਬਿਲਡਿੰਗ ਲਗਾਇਆ ਗਿਆ ਹੋਵੇ।

ਇਹ ਕਿ ਖਰੀਦਾਰਾਂਨ ਇਸ ਯੂਨਿਟ ਨੂੰ ਰਿਹਾਇਸੀ ਤੋ ਬਗੈਰ ਹੋਰ ਕਿਸੇ ਮੰਤਵ ਲਈ ਇਸਤੇਮਾਲ ਨਹੀ ਕਰਣਗੇ ਅਤੇ ਨਾ ਹੀ ਕਰਨ ਦੇਣਗੇ ਅਤੇ ਇਸ ਯੂਨਿਟ ਬਾਰੇ ਕੋਈ ਅਜਿਹਾ ਨੁਕਸਾਨ ਨਹੀ ਕਰਣਗੇ ਜਿਸ ਨਾਲ ਕਿ ਕਿਸੇ ਮੰਜਿਲ ਦੀ ਕਿਸੇ ਫਰਸ਼ ਜਾ

ਛੱਤ ਜਾ ਹੇਠਲੀ ਛੱਤ ਉਪਰ ਜਾ ਨਿੱਚੇ ਕਿਸੇ ਤਰੀਕੇ ਨਾਲ ਦਖਲ ਅੰਦਾਜੀ/ਨੁਕਸਾਨ ਹੁੰਦਾ ਹੋਵੇ ਅਤੇ ਇਸ ਦੇ ਇਸਤੇਮਾਲ ਵਿਚ ਰੁਕਾਵਟ ਪੈਦਾ ਹੋਵੇ।

ਖਰੀਦਾਰਾਂਨ ਇਸ ਯੁਨਿਟ ਨੂੰ ਚੰਗੀ ਮੁਰੰਮਤ ਵਾਲੀ ਹਾਲਤ ਵਿਚ ਰਖਣਗੇ ਅਤੇ ਇਸ ਵਿਚ ਕੋਈ ਵਾਧਰਾ ਜਾਂ ਤਬਦੀਲੀ ਬਾਇਆ ਦੀ ਅਤੇ/ਜਾ ਸਬੰਧਤ ਵਿਭਾਗ ਦੀ ਮਨਜੂਰੀ ਬਗੈਰ ਨਹੀ ਕਰਣਗੇ ਅਤੇ ਨਾ ਹੀ ਕਿਸੇ ਦਿਵਾਰ ਸਮੇਤ ਭਾਰ ਚੁੱਕਣ ਵਾਲੀਆ ਦਿਵਾਰਾਂ ਨੂੰ ਢਾਹਣਗੇ। ਖਰੀਦਾਰਾਂਨ ਬਿਲਡਿੰਗ ਦੀ ਬਣਤਰ ਦੀ ਸੁੱਰਖਿਆ ਨੂੰ ਪ੍ਰਭਾਵੀ ਕਰਨ ਵਾਲੀ ਜਾਂ ਲੱਗੀ ਹੋਈ ਕਿਸੇ ਚੀਜ ਦੀ ਤੋੜ ਭੰਨ ਨਹੀਂ ਕਰਣਗੇ।

ਇਹ ਕਿ ਇਸ ਯੁਨਿਟ ਬਾਬਤ ਅਲਾਟਮੈਂਟ ਪੱਤਰ ਵਾਲੀ ਸਾਰੀਆ ਸਰਤਾਂ ਅਤੇ ਮਦਾਂ ਇਸ ਬੈਨਾਮਾ ਵਿਚ ਸ਼ਾਮਲ ਰਹਿਣਗੀਆਂ ਅਤੇ ਖਰੀਦਾਰਾਂਨ ਇਹਨਾਂ ਸਾਰੀ ਸ਼ਰਤਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਣਗੇ।

ਖਰੀਦਾਰਾਂਨ ਕੰਪਲੈਕਸ ਵਿਚ ਕੂੜਾ ਕਰਕਟ, ਮਿੱਟੀ ਘੱਟਾ, ਗੰਦ ਜਾ ਵਾਧੂ ਪਦਾਰਥਾਂ ਨੂੰ ਇਹਨਾਂ ਲਈ ਮਿਥੀ ਜਗਾਵਾਂ ਤੋਂ ਇਲਾਵਾ ਕਿਤੇ ਵੀ ਸੁਟ ਜਾਂ ਇਕੱਠਾ ਨਹੀਂ ਕਰ ਸਕਣਗੇ।

ਖਰੀਦਾਰਾਂਨ ਇਸ ਯੁਨਿਟ ਵਿੱਚ ਸਿਹਤ ਲਈ ਖਤਰਨਾਕ ਹੋਣ ਵਾਲੀ ਵਸਤੂਆ ਅਤੇ ਅੱਗ ਲੱਗਣ ਵਾਲੀਆ ਅਤੇ ਬਦਬੂਦਾਰ ਵਸਤੂਆ ਨੂੰ ਸਟੋਰ ਨਹੀ ਕਰਨਗੇ।

ਖਰੀਦਾਰਾਂਨ ਇਕਰਾਰ ਕਰਦੇ ਹਨ ਕਿ ਕੋਈ ਜਮੀਨ, ਬਿਲਡਿੰਗ ਜਾ ਟੈਰਿਸ ਤੇ ਅੱਗੇ ਉਸਾਰੀ ਕਰਨ ਦਾ ਕਿਸੇ ਭਾਗ ਵਿਚ ਹੱਕ ਬਣਦਾ ਹੈ ਤਾ ਬਾਇਆ ਕੰਪਨੀ ਇਸ ਅੱਗੇ ਉਸਾਰੀ ਨੂੰ ਕਰਨ ਦਾ ਪੂਰਾ ਹੱਕ ਰੱਖਦੀ ਹੈ। ਇਸ ਹਾਲਤ ਵਿਚ ਪੰਜਾਬ ਅਪਾਰਟਮੇਟ ਅਤੇ ਪ੍ਰਾਪਰਟੀ ਰੈਗੁਲੇਸੰਨ ਐਕਟ 1995 ਦੀਆ ਧਰਾਵਾ ਦੀ ਪਾਲਣਾ ਕਰਦੇ ਹੋਏ ਸਾਂਝੇ ਰਕਬੇ ਅਤੇ ਸੁਵਿਧਾਵਾ ਨੂੰ ਉਸੇ ਹਿਸਾਬ ਨਾਲ ਬਦਲ ਦਿੱਤਾ ਜਾਵੇਗਾ ਅਤੇ ਇਸ ਵਿਚ ਖਰੀਦਾਰਾਂਨ ਕੋਈ ਕਲੇਮ ਨਹੀ ਕਰ ਸਕਣਗੇ।

ਕੋਈ ਵੀ ਚਾਰਜ ਜਾਂ ਜਿੰਮੇਵਾਰੀ ਸਮਾਜਿਕ ਤੇ ਕਾਨੂੰਨੀ, ਜੇਕਰ ਕਿਸੇ ਸਰਕਾਰੀ ਮਹਿਕਮਾਂ ਵੱਲੋਂ ਮਸਲਨ ਬਿਜਲੀ ਮਹਿਕੰਮਾ, ਐਮ.ਸੀ. ਜੀਰਕਪੁਰ, ਜਾਂ ਪ੍ਰਦੂਸ਼ਨ ਵਿਭਾਗ, ਵੈਟ, ਸਰਵਿਸ ਟੈਕਸ, ਹਾਉਸ ਟੈਕਸ ਜਾਂ ਉਕਤ ਅਪਾਰਟਮੈਂਟ ਸਬੰਧੀ ਕਿਸੇ ਵੀ ਕਿਸਮ ਦੀ ਦੇਣਦਾਰੀ ਵੱਜੋਂ ਮੰਗੀ ਜਾਵੇਗੀ, ਉਹ ਖਰੀਦਾਰਾਂਨ ਆਪਣੇ ਬਣਦੇ ਹਿੱਸੇ ਮੁਤਾਬਕ ਦੇਣ ਦੇ ਹੱਕਦਾਰ ਹੋਣਗੇ।

ਖਰੀਦਾਰਾਂਨ ਆਪਣੇ ਅਪਾਰਟਮੈਂਟ ਲਈ ਬਿਜਲੀ ਦੇ ਕੁਨੈਕਸ਼ਨ ਲਈ ਸਬੰਧਤ ਵਿਭਾਗ ਵਿੱਚ ਅਪਲਾਈ ਕਰਣਗੇ ਅਤੇ ਬਾਇਆ ਫਰਮ ਇਸ ਵਿੱਚ ਮਦਦ ਕਰੇਗੀ ਜਾਂ ਲੋੜ ਪੈਣ ਤੇ ਇਸ ਲਈ ਐਨ.ਓ.ਸੀ. ਜਾਰੀ ਕਰੇਗੀ।

ਖਰੀਦਾਰਾਂਨ ਸਾਂਝੇ ਏਰੀਏ ਤੋਂ ਇਲਾਵਾ ਜੋ ਵੀ ਇੰਨਫਰਾਸਟਰਕਚਰ ਬਚੇਗਾ, ਜਿਵੇ ਕਿ ਮੋਟਰਸ, ਪੰਪਸ, ਸਟਰੀਟ ਲਾਈਟ, ਸਾਂਝਾ ਬਿਜਲੀ ਕੁਨੈਕਸ਼ਨ ਅਤੇ ਸੀਵਰੇਜ ਪਲਾਂਟ ਵਿੱਚ ਵੀ ਖਰੀਦਾਰਾਂਨ ਆਪਣੇ ਬਣਦੇ ਹਿੱਸੇ ਮੁਤਾਬਕ ਹੱਕਦਾਰ ਹੋਣਗੇ ਅਤੇ ਇਹ ਸਾਰੇ ਹੱਕ ਇਹਨਾਂ ਦੀ ਰੈਜੀਡੈਂਟਸ ਵੈਲਫੇਅਰ ਐਸੋਸਿਏਸ਼ਨ ਦੇ ਹੋਂਦ ਵਿੱਚ ਆਉਣ ਤੇ ਐਸੋਸਿਏਸ਼ਨ ਦੇ ਹੱਕ ਵਿੱਚ ਟਰਾਂਸਫਰ ਹੋ ਜਾਣਗੇ ਅਤੇ ਖਰੀਦਾਰਾਂਨ ਹੱਜਾ ਦਾ ਨਾਮ ਆਟੋਮੈਟਿਕਲੀ ਐਸੋਸਿਏਸ਼ਨ ਦੀ ਮੈਂਬਰਸ਼ਿਪ ਵਿੱਚ ਜੁੜ ਜਾਵੇਗਾ। ਖਰੀਦਾਰਾਂਨ ਵੈਲਫੇਅਰ ਐਸੋਸਿਏਸ਼ਨ ਦੇ ਨਿਯਮਾ/ਉਪ-ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਣਗੇ।

ਖਰੀਦਾਰਾਂਨ ਕਾਮਨ ਏਰੀਆ ਮੈਨਟੀਨੈਂਸ ਚਾਰਜਿਜ ਬਾਇਆ ਕੰਪਨੀ ਜਾਂ ਉਸ ਵੱਲੋਂ ਨਿਯੁਕਤ ਕੀਤੀ ਗਈ ਅਜੈਂਸੀ ਨੂੰ ਸਮੇਂ ਦਰ ਸਮੇਂ ਅਦਾ ਕਰਨ ਦੇ ਪਾਬੰਦ ਹੋਣਗੇ, ਜਦੋ ਤੱਕ ਕੰਪਲੈਕਸ ਦੇ ਮਾਲਕਾਂਨ/ਕਿਰਾਏਦਾਰਾਂਨ ਦੀ ਐਸੋਸਿਏਸ਼ਨ ਹੋਂਦ ਵਿੱਚ ਨਹੀਂ ਆਉਂਦੀ ਅਤੇ ਇਹ ਐਸੋਸਿਏਸ਼ਨ ਕਮਪਲੈਕਸ ਦੇ ਅਪਾਰਟਮੈਂਟ ਦੇ ਸਾਰੇ ਖਰੀਦਾਰਾਂਨ ਦੇ ਸਾਂਝੇ ਹਿਤਾਂ

ਲਈ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੇਗੂਲੇਸ਼ਨ ਐਕਟ 1995 ਹੇਠ ਅਤੇ ਇਸ ਹੇਠ ਬਣੇ ਨਿਯਮਾਂ ਹੇਠ ਜਾਂ ਕਿਸੇ ਹੋਰ ਕਾਨੂੰਨ ਹੇਠ ਜਿਹੜਾ ਕਿ ਕੰਮਪਲੈਕਸ ਤੇ ਲਾਗੂ ਹੋਵੇ ਹੇਠ ਬਣੇਗੀ। ਜੇਕਰ ਖਰੀਦਾਰਾਂਨ ਮੈਨਟੀਨੈਂਸ ਚਾਰਜਿਜ ਦੀ ਅਦਾਇਗੀ ਨਹੀਂ ਕਰਦੇ ਤਾਂ ਉਸਦੇ ਸਾਂਝੇ ਵਰਤੋ ਦੇ ਹੱਕ ਛਿਣ ਸਕਦੇ ਹਨ।

ਖਰੀਦਾਰਾਂਨ ਕੀਤੇ ਹੋਏ ''ਮੈਨਟੀਨੈਂਸ ਐਗਰੀਮੈਂਟ'' ਦੀ ਸਾਰੀ ਸ਼ਰਤਾ ਅਤੇ ਮੱਦਾ ਦੀ ਪਾਲਣਾ ਕਰਨ ਦੇ ਪਾਬੰਦ ਹੋਣਗੇ ਅਤੇ ਉਸ ਐਗਰੀਮੈਂਟ ਦੀ ਸ਼ਰਤਾਂ ਨੂੰ ਵੀ ਇਸ ਬੈਨਾਮਾ ਦਾ ਹਿੱਸਾ ਮੰਨਿਆ ਜਾਵੇਗਾ।

ਇਹ ਕਿ ਇਸ ਬੈਨਾਮੇ ਦੇ ਤਹਿਰੀਰ ਵਾ ਤਕਮੀਲ ਦੇ ਸਾਰੇ ਖਰਚੇ ਅਸਟਾਮ, ਰਜਿਸਟਰੀ ਫੀਸ ਅਤੇ ਫੁਟਕਲ ਖਰਚੇ ਖਰੀਦਾਰਾਂਨ ਨੇ ਕੀਤੇ ਹਨ ਅਤੇ ਜੇਕਰ ਕੋਈ ਕਮੀ ਅਸਟਾਮ ਸਬੰਧਤ ਸਬ-ਰਜਿਸਟਰਾਰ ਦੇ ਅਦਾਰੇ ਨੇ ਨਿਰਧਾਰਿਤ ਕੀਤੀ, ਤਾਂ ਉਸ ਦੀ ਅਦਾਇਗੀ ਦੀ ਜੁੰਮੇਵਾਰੀ (ਸਮੇਤ ਜੁਰਮਾਨਾ, ਜੇਕਰ ਕੋਈ ਹੋਵੇ) ਖਰੀਦਾਰਾਂਨ ਦੀ ਹੀ ਹੋਵੇਗੀ।

ਜੇਕਰ ਆਉਣ ਵਾਲੇ ਸਮੇਂ ਵਿੱਚ ਖਰੀਦਾਰਾਂਨ ਇਸ ਅਪਾਰਟਮੈਂਟ ਨੂੰ ਅੱਗੇ ਕਿਸੇ ਵਿਅਕਤੀ ਕੋਲ ਬੈ ਕਰਦੇ ਹਨ, ਤਾਂ ਖਰੀਦਾਰਾਂਨ ਨੂੰ ਇਕਰਾਰਨਾਮਾ ਬੈ ਕਰਨ ਤੋਂ ਪਹਿਲਾਂ ਬਾਇਆ ਫਰਮ/ਐਸੋਸਿਏਸ਼ਨ (ਜੋ ਵੀ ਉਸ ਸਮੇਂ ਹੋਂਦ ਵਿੱਚ ਹੋਵੇ) ਤੋਂ ਐਨ.ਓ.ਸੀ. ਲੈਣੀ ਜਰੂਰੀ ਹੋਵੇਗੀ।

ਖਰੀਦਾਰਾਂਨ ਅਤੇ ਉਸ ਵੱਲੋਂ ਅਪਾਰਟਮੈਂਟ ਵੇਚਣ ਦੀ ਸੂਰਤ ਵਿੱਚ ਉਸ ਵੱਲੋਂ ਅਪਾਰਟਮੈਂਟ ਖਰੀਦਣ ਵਾਲਾ ਖਰੀਦਾਰ ਵੀ ਇਸ ਰਜਿਸਟਰੀ ਵਿੱਚ ਲਿਖੀ ਸ਼ਰਤਾਂ ਅਤੇ ਬਾਇਆ ਫਰਮ ਨਾਲ ਹੋਏ ਅਪਾਰਟਮੈਂਟ ਬਾਯਰ ਐਗਰੀਮੈਂਟ ਵਾ ਅਲਾਟਮੈਂਟ ਲੈਟਰ ਦੀ ਸਾਰੀ ਸ਼ਰਤਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਣਗੇ ਯਾਨੀ ਇਸ ਵਸੀਕਾ ਵਿੱਚ ਲਿਖੀ ਗਈ ਸਾਰੀ ਸ਼ਰਤਾਂ ਖਰੀਦਾਰ ਦਰ ਖਰੀਦਾਰ ਇਸ ਤਰ੍ਹਾਂ ਹੀ ਕਾਇਮ ਅਤੇ ਬਹਾਲ ਰਹਿਣਗੀਆਂ।

ਅਸੀ (ਦੋਵੇ ਧਿਰਾਂ ਬਾਇਆ ਅਤੇ ਮੁਸ਼ਤਰੀ) ਤਸਦੀਕ ਕਰਦੇ ਹਾਂ ਕਿ ਰਜਿਸਟਰੀ ਵਿੱਚ ਦਰਜ ਸਾਰੇ ਤੱਥ ਸਹੀ ਹਨ ਅਤੇ ਕੁਝ ਵੀ ਛੁਪਾ ਕੇ ਨਹੀ ਰੱਖਿਆ ਗਿਆ। ਰਜਿਸਟਰੀ ਵਿੱਚ ਦਰਜ ਨੰਬਰਾਂਨ ਖਸਰਾ ਕਿਸੇ ਡੇਰੇ/ਧਾਰਮਿਕ ਅਦਾਰੇ ਨਾਲ ਸਬੰਧਤ ਨਹੀ ਹਨ। ਇਸ ਜਮੀਨ ਨੂੰ ਮੁਤਲਿਕ ਕਰਨ ਸਬੰਧੀ ਕਿਸੇ ਅਦਾਲਤ ਵੱਲੋਂ ਕੋਈ ਹੁਕਮ ਬੰਦੀ ਨਹੀ ਹੈ ਅਤੇ ਨਾ ਹੀ ਕਿਸੇ ਐਕਟ ਅਤੇ ਸਰਕਾਰ ਵੱਲੋਂ ਜਾਰੀ ਕਿਸੇ ਹਦਾਇਤ ਦੀ ਉਲੰਘਣਾ ਕਰਕੇ ਜਮੀਨ ਮੁਤਲਿਕ/ਟਰਾਂਸਫਰ ਕੀਤਾ ਜਾ ਰਹੀ ਹੈ।ਇਸ ਤੋ ਇਲਾਵਾ ਕੁਲੈਕਟਰ ਰੇਟਾ ਮੁਤਾਬਕ ਏਰੀਆ ਕੋਡ ਨੰਬਰ ਅਤੇ ਆਬਾਦੀ ਦਾ ਨਾਮ ਠੀਕ ਦਰਜ ਕੀਤਾ ਗਿਆ ਹੈ। ਸਾਨੂੰ ਦੋਵਾ ਧਿਰਾ ਨੂੰ ਰਜਿਸਟਰੇਸ਼ਨ ਐਕਟ 1908 ਦੀ ਧਾਰਾ 82 ਸਬੰਧੀ ਵੀ ਜਾਣਕਾਰੀ ਹੈ ਕਿ ਜੇਕਰ ਕੋਈ ਵੀ ਗਲਤ ਤੱਥ ਦਰਜ ਕਰਕੇ ਰਜਿਸਟਰੀ ਤਸਦੀਕ ਕਰਵਾਈ ਗਈ ਤਾਂ ਇਸ ਧਾਰਾ ਅਧੀਨ 7 ਸਾਲ ਤੱਕ ਦੀ ਸਜਾ ਵੀ ਹੋ ਸਕਦੀ ਹੈ। ਰਜਿਸਟਰੀ ਵਿੱਚ ਦਰਜ ਸਾਰੇ ਤੱਥਾਂ ਸਬੰਧੀ ਅਸੀ ਦੋਵੇ ਧਿਰਾ ਪੂਰੀ ਤਰ੍ਹਾ ਜਿਮੇਵਾਰ ਹਾਂ।

ਉਕਤ ਵਸੀਕਾ ਵਿੱਚ ਦਰਜ ਜਾਇਦਾਦ ਬਾਰੇ ਦੋਹੇ ਧਿਰਾਂ ਦੇ ਦੱਸਣ ਅਨੁਸਾਰ ਹੇਠ ਲਿਖੇ ਤੱਥ ਸ਼ਾਮਲ ਕੀਤੇ ਜਾਂਦੇ ਹਨ

| ਲੜੀ ਨੰਬਰ | | |
|---|---|---|
| 1 | ਕੀ ਇਹ ਪਲਾਟ/ਇਮਾਰਤ ਮਿਉਂਸਪਲ ਹਦੂਦ ਦੇ ਅੰਦਰ ਹੈ ਜਾਂ ਬਾਹਰ ਹੈ | ਅੰਦਰ ਹੈ। |
| 2 | ਕੀ ਇਹ ਪਲਾਟ/ਇਮਾਰਤ, ਪੁੱਡਾ/ਸਥਾਨਕ ਸਰਕਾਰ ਵੱਲੋਂ ਪ੍ਰਵਾਨਤ ਸ਼ੁਦਾ ਹੈ ਜਾਂ ਨਹੀਂ | ਪ੍ਰਵਾਨਤ ਹੈ। |

| | | |
|---|---|---|
| 3 | ਜੇਕਰ ਪ੍ਰਵਾਨ ਹੈ ਤਾਂ ਸੀ.ਐਲ.ਯੂ./ਮੰਨਜ਼ੂਰੀ ਸਬੰਧੀ ਨੋਟੀਫਿਕੇਸ਼ਨ ਨੰਬਰ | |
| 4 | ਜੇਕਰ ਨਹੀਂ ਤਾਂ ਪੁੱਡਾ ਤੋਂ ਐਨ.ਓ.ਸੀ./ਰੂਗੁਲਰਾਈਜੇਸ਼ਨ ਕਰਾਉਣ ਸਬੰਧੀ ਅਪਲਾਈ ਕੀਤਾ ਹੈ ਜਾਂ ਨਹੀਂ | ਲਾਗੂ ਨਹੀ ਹੈ |
| 5 | ਜੇਕਰ ਇਮਾਰਤ ਹੈ, ਤਾਂ ਕਿ ਇਸ ਦਾ ਨਕਸ਼ਾ ਸਮਰੱਥ ਅਥਾਰਿਟੀ ਤੋਂ ਪ੍ਰਵਾਨ ਕਰਵਾਇਆ ਗਿਆ ਹੈ ਜਾਂ ਨਹੀਂ | ਪੈਰਾ ਨੰਬਰ 3 ਵਿੱਚ ਲਿਖੇ ਅਨੁਸਾਰ ਪ੍ਰਵਾਨਤ ਕਰਾਇਆ ਹੋਇਆ ਹੈ। |

ਲਿਹਾਜਾ ਬੈਨਾਮਾ ਸੁੱਧ-ਬੁੱਧ ਨਾਲ ਲਿਖਵਾਕੇ ਸੁਣ ਸਮਝ ਲਿਆ ਹੈ, ਦਰੁਸਤ ਤੇ ਕਬੂਲ ਹੈ।
ਨੋਟ: ਇਸ ਤੇ ਕੁਲੈਕਟਰ ਰੇਟ ਮੁਤਾਬਕ ਬਣਦਾ ਸਹੀ ਅਸਟਾਮ ਲੱਗਾ ਹੈ।
ਮਿਤੀ :-

ਗਵਾਹ: ਬਾਇਆ

ਗਵਾਹ: ਖਰੀਦਾਰਾਂਨ ਵੱਲੋਂ